# ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ
## ਇਸ਼ਤਿਹਾਰ ਨੰ. 03/2015

## ਵਾਸਤੇ ਡਾਇਰੈਕਟੋਰੇਟ, ਪਸ਼ੂ ਪਾਲਣ ਵਿਭਾਗ, ਪੰਜਾਬ

ਡਾਇਰੈਕਟੋਰੇਟ, ਪਸ਼ੂ ਪਾਲਣ ਵਿਭਾਗ, ਪੰਜਾਬ ਦੀਆਂ ਵੈਟਰਨਰੀ ਇੰਸਪੈਕਟਰਾਂ ਦੀਆਂ ਖਾਲੀ ਪਈਆਂ 70 ਅਸਾਮੀਆਂ ਪੇ ਸਕੇਲ 10300-34800 + 3600/- ਗਰੇਡ ਪੇ ਮੁੱਢਲੀ ਤਨਖਾਹ 14430/- ਰੁਪਏ (ਪਰਖ ਕਾਲ ਸਮੇਂ ਦੌਰਾਨ ਬੱਝਵੀਂ ਤਨਖਾਹ **(Fixed emoluments)** ਰੁਪਏ 10300/- ਦਿੱਤੀ ਜਾਵੇਗੀ। ਇਸ ਸਮੇਂ ਦੌਰਾਨ ਉਸ ਨੂੰ ਗਰੇਡ ਪੇ, ਸਲਾਨਾ ਤਰੱਕੀ ਜਾਂ ਹੋਰ ਕੋਈ ਭੱਤੇ, ਸਿਵਾਏ ਸਫ਼ਰੀ ਭੱਤੇ ਦੇ ਮਿਲਣਯੋਗ ਨਹੀਂ ਹੋਣਗੇ) ਨੂੰ ਭਰਨ ਲਈ ਯੋਗ ਉਮੀਦਵਾਰਾਂ ਕੋਲੋਂ ਅਰਜ਼ੀਆਂ ਦੀ ਮੰਗ ਕੀਤੀ ਜਾਂਦੀ ਹੈ ਅਤੇ ਇਸ ਸੰਬੰਧੀ ਨਿਰਧਾਰਿਤ ਫਾਰਮ ਯੂਨੀਵਰਸਿਟੀ ਦੀ ਵੈੱਬਸਾਈਟ www.gadvasu.in ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ। ਸਾਰੇ ਪੱਖਾਂ ਤੋਂ ਸੰਪੂਰਨ ਅਰਜ਼ੀ ਫਾਰਮ ਰਜਿਸਟਰਾਰ, ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਦੇ ਦਫ਼ਤਰ ਵਿੱਚ ਮਿਤੀ 08-12-2015 ਸ਼ਾਮ 5 .00 ਵਜੇ ਤੱਕ ਪਹੁੰਚ ਜਾਣੇ ਚਾਹੀਦੇ ਹਨ।

(ੳ) **ਵਿੱਦਿਅਕ ਯੋਗਤਾ:-** 10+2 ਫਿਜਿਕਸ ਅਤੇ ਕੈਮਿਸਟਰੀ ਵਿਸ਼ਿਆਂ ਨਾਲ ਸੈਕਿੰਡ ਡਵੀਜ਼ਨ ਵਿੱਚ ਕਿਸੇ ਮਾਨਤਾ ਪ੍ਰਾਪਤ ਸੰਸਥਾ ਤੋਂ ਪਾਸ ਹੋਵੇ ਅਤੇ ਮੈਟ੍ਰਿਕ ਪੱਧਰ ਤੱਕ ਪੰਜਾਬੀ ਪਾਸ ਹੋਣੀ ਚਾਹੀਦੀ ਹੈ।

(ਅ) **ਤਕਨੀਕੀ:-** ਦੋ ਸਾਲਾ ਵੈਟਰਨਰੀ ਫਾਰਮਾਸਿਸਟ ਟ੍ਰੇਨਿੰਗ ਕੋਰਸ ਕਿਸੇ ਮਾਨਤਾ ਪ੍ਰਾਪਤ ਸੰਸਥਾ ਜਾਂ ਪਸ਼ੂ ਪਾਲਣ, ਮੱਛੀ ਪਾਲਣ ਵਿਭਾਗ (ਪਸ਼ੂ ਪਾਲਣ ਵਿੰਗ), ਪੰਜਾਬ ਤੋਂ ਪਾਸ ਹੋਵੇ।

**ਨੋਟ**:- ਜੋ ਉਮੀਦਵਾਰ ਨਿਯਮਾਂ ਵਿੱਚ ਸੋਧ ਦੀ ਮਿਤੀ 9-9-2003 ਤੋਂ ਪਹਿਲਾਂ ਚੋਣ ਹੋਣ ਉਪਰੰਤ 2 ਸਾਲਾ ਵੈਟਰਨਰੀ ਫਾਰਮਾਸਿਸਟ ਦਾ ਕੋਰਸ ਕਰ ਰਹੇ/ਕਰ ਚੁੱਕੇ ਸਨ, ਦੀ ਵਿੱਦਿਅਕ ਯੋਗਤਾ 10ਵੀਂ ਫਿਜਿਕਸ ਅਤੇ ਕੈਮਿਸਟਰੀ ਵਿਸ਼ਿਆਂ ਨਾਲ ਸੈਕਿੰਡ ਡਵੀਜ਼ਨ ਹੈ, ਵੀ ਵੈਟਰਨਰੀ ਇੰਸਪੈਕਟਰ ਦੀ ਅਸਾਮੀ ਲਈ ਯੋਗ ਹਨ।

**70 ਵੈਟਰਨਰੀ ਇੰਸਪੈਕਟਰਾਂ ਦੀਆਂ ਆਸਾਮੀਆਂ ਦਾ ਰਾਖਵਾਂਕਰਨ ਹੇਠ ਲਿਖੇ ਅਨੁਸਾਰ ਹੈ:-**

| ਅਸਾਮੀ ਦਾ ਨਾਂ | ਗਿਣਤੀ | ਜਨਰਲ | ਅਨੁਸੂਚਿਤ ਜਾਤੀ | ਸਾਬਕਾ ਫੌਜੀ (ਅ.ਜਾਤੀ) | ਖਿਡਾਰੀ (ਅ.ਜਾਤੀ) | ਪੱਛੜੀ ਸ਼੍ਰੇਣੀ | ਸਾਬਕਾ ਫੌਜੀ (ਪੱਛੜੀ ਸ਼੍ਰੇਣੀ) | ਸਾਬਕਾ ਫੌਜੀ (ਜਨਰਲ) | ਅੰਗਹੀਣ | ਖਿਡਾਰੀ (ਜਨਰਲ) | ਸੁਤੰਤਰਤਾ ਸੰਗਰਾਮੀ | **ਕੁੱਲ** |
|---|---|---|---|---|---|---|---|---|---|---|---|---|
| ਵੈਟਰਨਰੀ ਇੰਸਪੈਕਟਰ | 70 | 10 | 27 | 06 | 02 | 01 | 03 | 11 | 05 | 03 | 02 | **70** |

**ਨੋਟ:-** ਅਨੁਸੂਚਿਤ ਜਾਤੀ ਦੀਆਂ 50% ਆਸਾਮੀਆਂ ਬਾਲਮੀਕੀ/ਮਜ਼ਬੀ ਸਿੱਖ ਉਮੀਦਵਾਰਾਂ ਵਿੱਚੋਂ ਭਰੀਆਂ ਜਾਣਗੀਆਂ, ਕਿਸੇ ਕਾਰਨ ਉੱਪਰ ਦਰਸਾਈਆਂ ਅਨੁਸੂਚਿਤ ਜਾਤੀਆਂ ਦੀ ਕੈਟਾਗਰੀ ਵਿੱਚੋਂ ਕਿਸੇ ਕੈਟਾਗਰੀ ਦੇ ਉਮੀਦਵਾਰ ਉਪਲੱਬਧ ਨਾ ਹੋਣ ਦੀ ਸੂਰਤ ਵਿੱਚ ਨਿਯਮਾਂ ਅਨੁਸਾਰ ਕਾਰਵਾਈ ਹੋਵੇਗੀ।

**ਉਮੀਦਵਾਰ ਦੀ ਉਮਰ ਮਿਤੀ 01-01-2015 ਨੂੰ (ਕੈਟਾਗਰੀ ਅਨੁਸਾਰ)**

| | | |
|---|---|---|
| ੳ) | ਜਨਰਲ | 18 ਤੋਂ 37 ਸਾਲ |
| ਅ) | ਐੱਸ.ਸੀ. /ਐੱਸ.ਟੀ./ਬੀ.ਸੀ. | 18 ਤੋਂ 42 ਸਾਲ |
| ੲ) | ਅੰਗਹੀਣ | 18 ਤੋਂ 47 ਸਾਲ |
| ਸ) | ਪਹਿਲਾਂ ਤੋਂ ਪੰਜਾਬ ਸਰਕਾਰ, ਅਦਰ ਸਟੇਟ ਅਤੇ ਭਾਰਤ ਸਰਕਾਰ ਦੇ ਅਧੀਨ ਰੈਗੂਲਰ ਤੌਰ ਤੇ ਨੌਕਰੀ ਕਰ ਰਹੇ ਕਰਮਚਾਰੀ | 45 ਸਾਲ ਤੱਕ |

**ਫਾਰਮ ਦੀ ਕੀਮਤ ਪ੍ਰੀਖਿਆ ਫੀਸ ਸਮੇਤ (ਨਾ ਮੋੜਨਯੋਗ)**

| | | |
|---|---|---|
| ਜਨਰਲ | 700/- ਰੁਪਏ | ਬੈਂਕ ਡਰਾਫ਼ਟ, ਕੰਪਟਰੋਲਰ, ਗਡਵਾਸੂ, ਲੁਧਿਆਣਾ ਦੇ ਪੱਖ ਵਿੱਚ ਹੋਵੇ। |
| ਐੱਸ.ਸੀ./ਐੱਸ.ਟੀ. | 350/- ਰੁਪਏ | |

ਮਹੱਤਵਪੂਰਨ ਹਦਾਇਤਾਂ ਯੂਨੀਵਰਸਿਟੀ ਦੀ ਵੈੱਬਸਾਈਟ www.gadvasu.in ਤੇ ਮੌਜੂਦ ਹਨ।

ਸਹੀ/-
ਰਜਿਸਟਰਾਰ

**ਵੈਟਰਨਰੀ ਇੰਸਪੈਕਟਰ ਦੀ ਅਸਾਮੀ ਲਈ ਮਹੱਤਵਪੂਰਨ ਹਦਾਇਤਾਂ**

1. ਨਿਰਧਾਰਿਤ ਫੀਸ ਬੈਂਕ ਡਰਾਫਟ ਦੇ ਰੂਪ ਵਿੱਚ ਕੰਪਟਰੋਲਰ, ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ (Comptroller, GADVASU, Ludhiana) ਦੇ ਪੱਖ ਵਿੱਚ ਭੇਜੀ ਜਾਵੇ।
2. ਉਮੀਦਵਾਰ ਦੀ ਉਮਰ ਮਿਤੀ 01.01.2015 ਨੂੰ 18 ਤੋਂ 37 ਸਾਲ ਤੱਕ ਹੋਵੇ। ਅਨੁਸੂਚਿਤ ਜਾਤੀ/ਕਬੀਲੇ ਅਤੇ ਪੱਛੜੀ ਸ਼੍ਰੇਣੀ ਦੇ ਮਾਮਲੇ ਵਿੱਚ 5 ਸਾਲ ਦੀ ਛੋਟ ਲਾਗੂ ਹੋਵੇਗੀ, ਅੰਗਹੀਣਾਂ ਲਈ ਉਮਰ ਦੀ ਛੋਟ 10 ਸਾਲ ਦੀ ਹੋਵੇਗੀ।
3. ਉਮੀਦਵਾਰ ਦਸਵੀਂ ਪੱਧਰ ਤੱਕ ਪੰਜਾਬੀ ਪਾਸ ਹੋਣਾ ਚਾਹੀਦਾ ਹੈ।
4. ਜਿਨ੍ਹਾਂ ਉਮੀਦਵਾਰਾਂ ਨੇ 10+2 ਦੀ ਪ੍ਰੀਖਿਆ ਪਾਸ ਕਰਨ ਤੋਂ ਬਾਅਦ ਦੋ ਸਾਲ ਦਾ ਵੈਟਰਨਰੀ ਫਾਰਮੇਸੀ ਡਿਪਲੋਮਾ ਕੋਰਸ/ ਵੈਟਰਨਰੀ ਸਾਇੰਸ ਅਤੇ ਐਨੀਮਲ ਹੈਲਥ ਟੈਕਨੋਲੋਜੀ ਡਿਪਲੋਮਾ ਪਾਸ ਕੀਤਾ ਹੈ, ਉਹ ਉਮੀਦਵਾਰ ਇਨ੍ਹਾਂ ਅਸਾਮੀਆਂ ਲਈ ਯੋਗ ਹੋਣਗੇ।
5. ਰਾਖਵਾਂਕਰਨ ਦੀ ਨੀਤੀ ਪੰਜਾਬ ਸਰਕਾਰ ਦੀਆਂ ਪ੍ਰਚੱਲਿਤ ਹਦਾਇਤਾਂ ਅਨੁਸਾਰ ਲਾਗੂ ਹੋਵੇਗੀ।
6. ਅਨੁਸੂਚਿਤ ਜਾਤੀ/ਕਬੀਲੇ/ ਪੱਛੜੀ ਸ਼੍ਰੇਣੀ ਦਾ ਸਰਟੀਫਿਕੇਟ ਭਲਾਈ ਵਿਭਾਗ ਦੀਆਂ ਪ੍ਰਚੱਲਿਤ ਹਦਾਇਤਾਂ ਅਨੁਸਾਰ ਅਤੇ ਸਾਬਕਾ ਫੌਜੀਆਂ ਦਾ ਸਰਟੀਫਿਕੇਟ ਉਨ੍ਹਾਂ ਦੇ ਸੰਬੰਧਿਤ ਵਿਭਾਗ ਦੀਆਂ ਪ੍ਰਚੱਲਿਤ ਹਦਾਇਤਾਂ ਅਨੁਸਾਰ ਹੋਵੇਗਾ।
7. ਉਕਤ ਦਰਸਾਈ ਵਿੱਦਿਅਕ/ਤਕਨੀਕੀ ਯੋਗਤਾ ਰੱਖਣ ਵਾਲੇ ਯੋਗ ਉਮੀਦਵਾਰਾਂ ਨੂੰ ਹੀ ਲਿਖਤੀ ਪ੍ਰੀਖਿਆ ਲਈ ਬੁਲਾਇਆ ਜਾਵੇਗਾ।
8. ਉਮੀਦਵਾਰ ਆਪਣੀ ਅਰਜ਼ੀ ਨਾਲ ਸਾਰੇ ਵਿੱਦਿਅਕ/ਤਕਨੀਕੀ ਯੋਗਤਾ ਅਤੇ ਸ਼੍ਰੇਣੀ ਆਦਿ ਨਾਲ ਸੰਬੰਧਿਤ ਸਰਟੀਫਿਕੇਟ ਦੀਆਂ ਤਸਦੀਕਸ਼ੁਦਾ ਕਾਪੀਆਂ ਭੇਜਣਗੇ।
9. ਸੁਤੰਤਰਤਾ ਸੰਗਰਾਮੀ ਸ੍ਰੇਣੀ ਨਾਲ ਸਬੰਧਤ ਉਮੀਦਵਾਰ ਆਪਣੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਵੱਲੋਂ ਅਤੇ ਖਿਡਾਰੀ ਕੈਟਾਗਰੀ ਨਾਲ ਸੰਬੰਧਿਤ ਉਮੀਦਵਾਰ ਆਪਣਾ ਗਰੇਡੇਸ਼ਨ ਸਬੰਧੀ ਸਰਟੀਫਿਕੇਟ ਡਾਇਰੈਕਟਰ, ਸਪੋਰਟਸ ਵਿਭਾਗ, ਪੰਜਾਬ ਵੱਲੋਂ ਜਾਰੀ ਕੀਤਾ ਸਰਟੀਫਿਕੇਟ ਸਬੂਤ ਵਜੋਂ ਨੱਥੀ ਕਰਨਗੇ।
10. ਉਮੀਦਵਾਰ ਆਪਣੇ ਅਰਜ਼ੀ ਫਾਰਮ ਨਾਲ ਇੱਕ ਲਿਫ਼ਾਫ਼ਾ 25 ਰੁਪਏ ਦੀਆਂ ਡਾਕ ਟਿਕਟਾਂ ਲਗਾ ਕੇ ਆਪਣੇ ਪੱਤਰ ਵਿਹਾਰ ਦੇ ਪਤੇ ਸਮੇਤ ਨਾਲ ਨੱਥੀ ਕਰਨਗੇ।
11. ਅਸਾਮੀਆਂ ਲਈ ਕੁੱਲ 100 ਅੰਕਾਂ ਦੀ ਲਿਖਤੀ ਪ੍ਰੀਖਿਆ 2 ਘੰਟੇ ਦੀ ਹੋਵੇਗੀ। ਇਸ ਪ੍ਰੀਖਿਆ ਨੂੰ ਪਾਸ ਕਰਨ ਲਈ 35 % ਅੰਕ ਪ੍ਰਾਪਤ ਕਰਨੇ ਹੋਣਗੇ। ਲਿਖਤੀ ਪ੍ਰੀਖਿਆ ਲਈ ਕੋਈ ਨੈਗੇਟਿਵ ਮਾਰਕਿੰਗ ਨਹੀਂ ਹੋਵੇਗੀ। ਉਮੀਦਵਾਰਾਂ ਦੀ ਚੋਣ, ਲਿਖਤੀ ਪ੍ਰੀਖਿਆ ਦੀ ਮੈਰਿਟ ਦੇ ਅਧਾਰ ਤੇ ਬਣਾਈ ਜਾਵੇਗੀ। ਉਮੀਦਵਾਰਾਂ ਦੀ ਨਿਯੁਕਤੀ ਸੰਬੰਧੀ ਕੋਈ ਇੰਟਰਵਿਊ ਨਹੀਂ ਹੋਵੇਗੀ।
12. ਪਹਿਲਾਂ ਤੋਂ ਸੇਵਾ ਕਰ ਰਹੇ ਉਮੀਦਵਾਰ ਯੋਗ ਪ੍ਰਣਾਲੀ ਰਾਹੀਂ ਅਪਲਾਈ ਕਰਨ।
13. ਅਧੂਰੀਆਂ ਅਰਜ਼ੀਆਂ/ਨਿਰਧਾਰਿਤ ਪ੍ਰੋਫਾਰਮੇ ਤੋਂ ਬਿਨਾਂ/ਨਿਰਧਾਰਿਤ ਮਿਤੀ ਤੋਂ ਬਾਅਦ/ਨਿਰਧਾਰਿਤ ਫੀਸ ਤੋਂ ਬਿਨਾਂ ਵਿਚਾਰੀਆਂ ਨਹੀਂ ਜਾਣਗੀਆਂ।
14. ਯੂਨੀਵਰਸਿਟੀ ਕਿਸੇ ਵੀ ਤਰ੍ਹਾਂ ਦੀ ਡਾਕ ਵਿੱਚ ਹੋਣ ਵਾਲੀ ਦੇਰੀ (ਅਰਜ਼ੀਆਂ ਪ੍ਰਾਪਤ ਕਰਨ ਵਿੱਚ ਅਤੇ ਰੋਲ ਨੰਬਰ ਪਹੁੰਚਣ ਵਿੱਚ) ਲਈ ਜ਼ਿੰਮੇਵਾਰ ਨਹੀਂ ਹੋਵੇਗੀ।
15. ਵੈਟਰਨਰੀ ਇੰਸਪੈਕਟਰ ਦੀਆਂ ਅਸਾਮੀਆਂ ਲਈ ਲਿਖਤੀ ਪ੍ਰੀਖਿਆ ਦਾ ਸਿਲੇਬਸ ਯੂਨੀਵਰਸਿਟੀ ਦੀ ਵੈੱਬਸਾਈਟ www.gadvasu.in ਤੇ ਉਪਲੱਬਧ ਹੋਵੇਗਾ।
16. ਪੇਪਰ ਦਾ ਮਾਧਿਅਮ ਅੰਗਰੇਜ਼ੀ ਹੋਵੇਗਾ ਜਿਸ ਵਿਚ ਬਹੁ-ਵਿਕਲਪੀ ਪ੍ਰਸ਼ਨ (MCQ) ਹੋਣਗੇ ਅਤੇ ਇਹ ਪੇਪਰ OMR ਸ਼ੀਟ ਤੇ ਹੋਵੇਗਾ।
17. ਅਯੋਗ ਉਮੀਦਵਾਰਾਂ/ਲੇਟ ਪ੍ਰਾਪਤ ਅਰਜ਼ੀਆਂ ਦੀ ਫੀਸ ਕਿਸੇ ਵੀ ਹਾਲਤ ਵਿੱਚ ਵਾਪਿਸ ਨਹੀਂ ਕੀਤੀ ਜਾਵੇਗੀ।
18. ਕਿਸੇ ਵੀ ਉਮੀਦਵਾਰ ਨੂੰ ਲਿਖਤੀ ਪ੍ਰੀਖਿਆ ਲਈ ਆਉਣ/ਜਾਣ ਦਾ ਟੀ.ਏ./ਡੀ.ਏ. ਨਹੀਂ ਦਿੱਤਾ ਜਾਵੇਗਾ।

ਸਹੀ/-
ਰਜਿਸਟਰਾਰ

## ਨਿਰਦੇਸ਼ਕ, ਪਸ਼ੂ ਪਾਲਣ ਵਿਭਾਗ, ਪੰਜਾਬ

### ਵੈਟਰਨਰੀ ਇੰਸਪੈਕਟਰ ਦੀ ਅਸਾਮੀ ਲਈ ਬਿਨੈ-ਪੱਤਰ ਫਾਰਮ

ਮਹੱਤਵਪੂਰਨ -

1 ਫਾਰਮ ਭਰਨ ਤੋਂ ਪਹਿਲਾਂ ਹਦਾਇਤਾਂ ਨੂੰ ਧਿਆਨ ਨਾਲ ਪੜ੍ਹਿਆ ਜਾਵੇ।

2 ਪਹਿਲਾਂ ਤੋਂ ਸੇਵਾ ਕਰ ਰਹੇ ਉਮੀਦਵਾਰ ਆਪਣਾ ਬਿਨੈ ਪੱਤਰ ਯੋਗ ਪ੍ਰਣਾਲੀ ਰਾਹੀਂ ਭਾਵ ਆਪਣੇ ਨਿਯੁਕਤੀਕਾਰ ਰਾਹੀਂ ਭੇਜਣ।

3 ਉਮੀਦਵਾਰ ਆਪਣੀਆਂ 2 ਪਾਸਪੋਰਟ ਸਾਈਜ਼ ਦੀਆਂ ਤਾਜ਼ਾ ਨਵੀਆਂ ਫੋਟੋ ਫਾਰਮ ਨਾਲ ਲਗਾਏ।

ਉਮੀਦਵਾਰ ਆਪਣੀ ਤਸਦੀਕਸ਼ੁਦਾ ਪਾਸਪੋਰਟ ਸਾਈਜ਼ ਦੀ ਤਾਜ਼ਾ ਫੋਟੋ ਇੱਥੇ ਚਿਪਕਾਏ।

1 ੳ) ਅਸਾਮੀ ਦਾ ਨਾਂ ____________________________________________

ਅ) ਵਿਗਿਆਪਨ ਨੰ. ____________________________________________

2 ਉਮੀਦਵਾਰ ਦਾ ਪੂਰਾ ਨਾਂ 1(ਪੰਜਾਬੀ ਵਿਚ) ____________________________________________

2(ਅੰਗ੍ਰੇਜ਼ੀ ਵਿਚ) ____________________________________________

3 ਮੌਜੂਦਾ ਪਤਾ 1(ਪੰਜਾਬੀ ਵਿਚ) ____________________________________________

____________________________________________

____________________________________________

2(ਅੰਗ੍ਰੇਜ਼ੀ ਵਿਚ) ____________________________________________

____________________________________________

____________________________________________

4 ਸਥਾਈ ਘਰ ਦਾ ਪਤਾ 1(ਪੰਜਾਬੀ ਵਿਚ) ____________________________________________

____________________________________________

____________________________________________

2(ਅੰਗ੍ਰੇਜ਼ੀ ਵਿਚ) ____________________________________________

____________________________________________

____________________________________________

5 ਟੈਲੀਫੋਨ/ਮੋਬਾਇਲ ਨੰ. (ਜ਼ਰੂਰੀ ਹੈ) ____________________________________________

6. ੳ) ਪਿਤਾ/ ਪਤੀ ਦਾ ਨਾਂ ____________________________________________

ਅ) ਮਾਤਾ ਦਾ ਨਾਂ ____________________________________________

7 ੳ) ਉਮੀਦਵਾਰ ਦੀ ਕੌਮੀਅਤ ____________________________________________

ਅ) ਵਿਆਹਿਆ ਹੈ ਜਾਂ ਨਹੀਂ ____________________________________________

ੲ) ਸਿਰਫ ਵਿਆਹੇ ਮਰਦਾਂ ਲਈ: ਕੀ ਤੁਹਾਡੀਆਂ ਇੱਕ ਤੋਂ ਵੱਧ ਜੀਵਤ ਪਤਨੀਆਂ ਹਨ? ____________________________________________

8 ੳ) ਜਨਮ ਮਿਤੀ ____________________________________________

(ਉਮਰ ਦਾ ਦਸਤਾਵੇਜ਼/ ਸਬੂਤ ਨਾਲ ਨੱਥੀ ਕੀਤਾ ਜਾਵੇ)

ਅ) ਜਨਮ ਦਾ ਸਥਾਨ ____________________________________________

9 ੳ) ਕੀ ਤੁਸੀ ਅਨੁਸੂਚਿਤ ਜਾਤੀ/ ਕਬੀਲੇ ਜਾਂ ਪਛੜੀ ____________________________________________
ਜਾਤੀ ਨਾਲ ਸਬੰਧਤ ਹੋ?(ਜੇਕਰ ਹੋ ਤਾਂ ਇਸ ____________________________________________
ਸਬੰਧੀ ਯੋਗ ਅਧਿਕਾਰੀ ਵਲੋਂ ਜਾਰੀ ਸਰਟੀਫਿਕੇਟ ____________________________________________

ਦੀ ਤਸਦੀਕ ਸੁਦਾ ਨਕਲ ਨੱਥੀ ਕਰੋ)     ________________________________________

ਅ) ਕੀ ਤੁਸੀਂ ਸਰੀਰਕ ਰੂਪ ਵਿਚ ਅੰਗਹੀਣ ਹੋ? ________________________________________

ਜੇਕਰ ਹੋ ਤਾਂ ਇਸ ਸਬੰਧੀ ਆਪਣੇ ਜ਼ਿਲ੍ਹੇ     ________________________________________

(ਜਿੱਥੋਂ ਦੇ ਤੁਸੀਂ ਸਥਾਈ ਰੂਪ ਵਿਚ ਵਾਸੀ ਹੋ) ਦੇ________________________________________

ਸਿਵਲ ਸਰਜਨ ਦੁਆਰਾ ਜਾਰੀ ਕੀਤਾ ਸਰਟੀਫਿਕੇਟ ਨੱਥੀ ਕਰੋ।

10 ਕੀ ਤੁਸੀਂ ਸਾਬਕਾ ਫੌਜੀ ਹੋਂ?     ________________________________________

(ਜੇਕਰ ਹੋ ਤਾਂ ਨਾਲ ਸਬੂਤ ਨੱਥੀ ਕਰੋ)

11 ਨਿਰਧਾਰਤ ਅਰਜ਼ੀ ਫੀਸ ਦੇ ਬੈਂਕ ਡਰਾਫਟ ਦਾ ਵੇਰਵਾ     ਰਕਮ__________ ਡਰਾਫਟ ਨੰ___________

ਮਿਤੀ _________ ਬੈਂਕ ___________

ਨੋਟ: ਡਰਾਫਟ, ਕੰਪਟਰੋਲਰ, ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਜ਼ਯੂਨੀਵਰਸਿਟੀ, ਲੁਧਿਆਣਾ (**Comptroller, GADVASU, Ludhiana**) ਦੇ ਪੱਖ ਵਿੱਚ ਭੇਜਿਆ ਜਾਵੇ।

12 ਵਿੱਦਿਅਕ ਯੋਗਤਾਵਾਂ ਦਾ ਵੇਰਵਾ
(ਦਸਵੀਂ ਅਤੇ ਇਸ ਤੋਂ ਉਪਰੰਤ ਸਾਰੇ ਇਮਤਿਹਾਨ ਜਿਹੜੇ ਤੁਸੀਂ ਪਾਸ ਕੀਤੇ ਹਨ, ਦਾ ਵੇਰਵਾ ਦਿਓ)

| ਇਮਤਿਹਾਨ | | | | | |
|---|---|---|---|---|---|
| ਸਕੂਲ/ਕਾਲਜ ਦਾ ਨਾਂ | | | | | |
| ਬੋਰਡ ਜਾਂ ਯੂਨੀਵਰਸਿਟੀ ਦਾ ਨਾਂ | | | | | |
| ਪਾਸ ਕਰਨ ਦਾ ਸਾਲ | | | | | |
| ਵੱਧ ਤੋਂ ਵੱਧ ਅੰਕ | | | | | |
| ਪ੍ਰਾਪਤ ਅੰਕ | | | | | |
| ਪ੍ਰਾਪਤ ਅੰਕਾਂ ਦਾ ਪ੍ਰਤੀਸ਼ਤ | | | | | |
| ਦਰਜਾ | | | | | |
| ਲਏ ਗਏ ਵਿਸ਼ੇ | | | | | |

(ਸਾਰੇ ਪਾਸ ਕੀਤੇ ਇਮਤਿਹਾਨਾਂ ਦੇ ਡਿਗਰੀ ਸਰਟੀਫਿਕੇਟ ਅਤੇ ਨੰਬਰਾਂ ਦੇ ਵੇਰਵੇ ਸਹਿਤ ਨਤੀਜਾ ਕਾਰਡਾਂ ਦੀਆਂ ਤਸਦੀਕਸੁਦਾ ਨਕਲਾਂ ਨਾਲ ਨੱਥੀ ਕੀਤੀਆਂ ਜਾਣ)।

13 ਕੀ ਤੁਸੀਂ ਪਹਿਲਾਂ ਤੋਂ ਕਿਤੇ ਸੇਵਾ ਕਰ ਰਹੇ ਹੋ?     ________________________________________
ਜੇਕਰ ਕਰ ਰਹੇ ਹੋ ਤਾਂ:
ੳ) ਤੁਹਾਡੇ ਨਿਯੁਕਤੀਕਾਰ ਦਾ ਨਾਂ ਅਤੇ ਅਹੁਦਾ     ________________________________________

ਅ) ਦਫਤਰ/ਫਰਮ/ਸੰਸਥਾ ਦਾ ਨਾਂ     ________________________________________

ੲ) ਤੁਹਾਡਾ ਅਹੁਦਾ     ________________________________________

ਸ) ਮੁੱਢਲੀ ਤਨਖਾਹ ਜਮ੍ਹਾਂ ਭੱਤੇ (ਅਲੱਗ-ਅਲੱਗ)     ________________________________________

ਹ) ਸਾਲਾਨਾ ਤਰੱਕੀ ਦੀ ਤਰੀਖ     ________________________________________

14 ਤਜ਼ਰਬੇ / ਰੋਜ਼ਗਾਰ ਦਾ ਵੇਰਵਾ:(ਤਜ਼ਰਬੇ ਦੇ ਸਰਟੀਫਿਕੇਟਾਂ ਦੀਆਂ ਤਸਦੀਕਸ਼ੁਦਾ ਨਕਲਾਂ ਨਾਲ ਨੱਥੀ ਕਰੋ)

| ਅਸਾਮੀ ਦਾ ਨਾਂ ਜਿਸ ਤੇ ਕੰਮ ਕੀਤਾ ਜਾਂ ਕਰਦੇ ਹੋ | ਨੌਕਰੀ ਤੇ ਲੱਗਣ ਦੀ ਮਿਤੀ | ਨੌਕਰੀ ਤੋਂ ਹਟਣ ਦੀ ਮਿਤੀ | ਪ੍ਰਾਪਤ ਕੀਤੀ ਤਨਖਾਹ | ਦਫਤਰ/ ਫਰਮ/ ਸੰਸਥਾ ਜਿੱਥੇ ਕੰਮ ਕਰਦੇ ਰਹੇ ਹੋ ਦਾ ਪੂਰਾ ਪਤਾ | ਨੌਕਰੀ ਛੱਡਣ ਦਾ ਕਾਰਨ |
|---|---|---|---|---|---|
| | | | | | |

15 ੳ) ਤੁਹਾਡੀ ਮਾਤ ਭਾਸ਼ਾ ਕੀ ਹੈ?

ਅ) ਕੀ ਪੰਜਾਬੀ ਮੈਟ੍ਰਿਕ ਪੱਧਰ ਤੱਕ ਪਾਸ ਕੀਤੀ ਹੈ?

16 ਕੀ ਤੁਹਾਨੂੰ ਕਿਸੇ ਅਦਾਲਤ ਦੇ ਹੁਕਮਾਂ ਤਹਿਤ ਕਦੀ ਹਿਰਾਸਤ ਵਿਚ ਰੱਖਿਆ ਗਿਆ ਹੈ ਜਾਂ ਜੁਰਮਾਨਾ/ ਕੈਦ ਹੋਈ ਹੈ ਅਤੇ ਤੁਹਾਡੇ ਤੇ ਕਿਸੇ ਦੋਸ਼ ਕਾਰਨ ਮੁੱਕਦਮਾ ਚੱਲਿਆ ਹੈ ਜਾਂ ਤੁਹਾਨੂੰ ਕਦੀ ਕਿਸੇ ਯੂਨੀਵਰਸਿਟੀ ਜਾਂ ਲੋਕ ਸੇਵਾ ਆਯੋਗ ਵਲੋਂ ਕਿਸੇ ਇਮਤਿਹਾਨ/ ਚੋਣ ਲਈ ਰੋਕਿਆ ਗਿਆ ਹੈ ਜਾਂ ਅਯੋਗ ਕਰਾਰ ਦਿੱਤਾ ਗਿਆ ਹੈ?

ਕੀ ਇਹ ਫਾਰਮ ਭਰਨ ਦੇ ਸਮੇਂ ਤੁਹਾਡੇ ਵਿਰੁੱਧ ਕੋਈ ਮਾਮਲਾ ਕਿਸੇ ਅਦਾਲਤ ਵਿਚ ਵਿਚਾਰ ਅਧੀਨ ਹੈ?

ਜੇਕਰ ਉੱਤਰ ਹਾਂ ਵਿਚ ਹੈ ਤਾਂ ਉਸ ਮਾਮਲੇ ਦੇ ਪੂਰੇ ਵੇਰਵੇ ਹੇਠਾਂ ਦੱਸੇ ਜਾਣ।

17 ਉਮੀਦਵਾਰ ਦੀ ਉਮਰ, ਵਿੱਦਿਅਕ ਯੋਗਤਾਵਾਂ ਅਤੇ ਤਜ਼ਰਬੇ ਆਦਿ ਦੀ ਪੁਸ਼ਟੀ ਵਿਚ ਨੱਥੀ ਕੀਤੇ ਸਰਟੀਫਿਕੇਟਾਂ, ਪ੍ਰਮਾਣ-ਪੱਤਰਾਂ ਆਦਿ ਦੀ ਸੂਚੀ:

| | |
|---|---|
| 1 | 4 |
| 2 | 5 |
| 3 | 6 |

ਮੈਂ ਆਪਣੇ ਪੂਰੇ ਗਿਆਨ ਅਤੇ ਵਿਸ਼ਵਾਸ ਨਾਲ ਇਹ ਤਸਦੀਕ ਕਰਦਾਂ ਹਾਂ ਕਿ ਉਪਰੋਕਤ ਦਿੱਤੀ ਗਈ ਸਾਰੀ ਸੂਚਨਾ ਸਹੀ ਅਤੇ ਦਰੁਸਤ ਹੈ ਅਤੇ ਮੈਂ ਕੋਈ ਵੀ ਅਜਿਹੇ ਹਾਲਾਤ, ਜੋ ਮੇਰੀ ਪਸ਼ੂ ਪਾਲਣ, ਵਿਭਾਗ, ਪੰਜਾਬ ਵਿੱਚ ਨਿਯੁਕਤੀ ਲਈ ਯੋਗਤਾ ਨੂੰ ਅਯੋਗ ਕਰਦੇ ਹੋਣ, ਨੂੰ ਨਹੀਂ ਛੁਪਾਇਆ ਹੈ।

ਸਥਾਨ ___________________________

ਮਿਤੀ ___________________________

(ਉਮੀਦਵਾਰ ਦੇ ਹਸਤਾਖਰ)

ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ
ਵਾਸਤੇ
ਡਾਇਰੈਕਟੋਰੇਟ, ਪਸ਼ੂ ਪਾਲਣ ਵਿਭਾਗ, ਪੰਜਾਬ

ਰੋਲ ਨੰ. .........................

ਉਮੀਦਵਾਰ ਆਪਣੀ ਪਾਸਪੋਰਟ ਸਾਈਜ਼ ਤਸ਼ਦੀਕਸ਼ੁਦਾ ਫੋਟੋ ਇੱਥੇ ਚਿਪਕਾਏ।

(ਰੋਲ ਨੰ., ਮਿਤੀ ਅਤੇ ਪ੍ਰੀਖਿਆ ਕੇਂਦਰ ਨੂੰ ਛੱਡ ਕੇ ਬਾਕੀ ਉਮੀਦਵਾਰ ਦੁਆਰਾ ਭਰਿਆ ਜਾਵੇ)

ਪ੍ਰੀਖਿਆ ਦਾ ਨਾਮ ਵੈਟਰਨਰੀ ਇੰਸਪੈਕਟਰ

ਉਮੀਦਵਾਰ ਦਾ ਨਾਮ ...............................................................................

ਪੁੱਤਰ/ਪੁੱਤਰੀ/ਪਤਨੀ ...............................................................................

ਪ੍ਰੀਖਿਆ ਕੇਂਦਰ...............................................................................

ਪ੍ਰੀਖਿਆ ਦੀ ਮਿਤੀ ਅਤੇ ਸਮਾਂ ...............................................................................

ਉਮੀਦਵਾਰ ਦੇ ਹਸਤਾਖ਼ਰ ....................................................

ਰਜਿਸਟਰਾਰ
ਗਡਵਾਸੂ